# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐਸਿ), ਮੁਹਾਲੀ

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਸਿ),
ਪੰਜਾਬ।

ਮੀਮੋ ਨੰ:ਪੀ.ਏ/ਡੀ.ਪੀ.ਆਈ(ਐਸਿ)/2019/ 30
ਮਿਤੀ ਪੰਜਾਬ 22-01-2019

ਵਿਸ਼ਾ:- ਕੋਰਟ ਕੇਸਾਂ ਦੇ ਜਆਬ ਦਾਅਵੇ ਮਾਨਯੋਗ ਕੋਰਟ ਵਿੱਚ ਦਾਇਰ ਕਰਨ ਤੋਂ ਪਹਿਲਾਂ ਮੁੱਖ ਦਫਤਰ ਦੇ ਐਲ.ਏ ਤੋਂ ਵੈਟ ਕਰਵਾਉਣ ਸਬੰਧੀ।

ਸਹੀਕਰਤਾ ਦੇ ਧਿਆਨ ਵਿੱਚ ਆਇਆ ਹੈ ਕਿ ਕੋਰਟ ਕੇਸਾਂ ਦੇ ਸਬੰਧ ਵਿੱਚ ਮੁੱਖ ਦਫਤਰ ਤੋਂ ਜੋ ਵੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਪ੍ਰਾਇਮਰੀ ਵਿੰਗ ਦੇ ਅਧਿਆਪਕਾਂ ਦੇ ਨਿਯੁਕਤੀ ਅਧਿਕਾਰੀ ਹੋ ਅਤੇ ਉਨ੍ਹਾਂ ਦਾ ਮੁਕੰਮਲ ਰਿਕਾਰਡ ਆਪ ਜੀ ਦੇ ਦਫਤਰ ਵਿੱਚ ਉਪਲੱਬਧ ਹੁੰਦਾ ਹੈ। ਜਦੋਂ ਵੀ ਕਿਸੇ ਕੋਰਟ ਕੇਸ ਦਾ ਜਵਾਬ ਦਾਅਵਾ ਮਾਨਯੋਗ ਕੋਰਟ ਵਿਖੇ ਦਾਇਰ ਕਰਨਾ ਹੁੰਦਾ ਹੈ, ਤਾਂ ਉਹ ਰਿਕਾਰਡ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ, ਜੋ ਆਪ ਜੀ ਦੇ ਦਫਤਰ ਵਿੱਚ ਮੌਜੂਦ ਹੁੰਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਜਵਾਬਦਾਅਵਾ ਮੁੱਖ ਦਫਤਰ ਦੇ ਐਲ.ਏ ਤੋਂ ਬਿਨ੍ਹਾਂ ਵੈਟ ਕਰਵਾਏ ਮਾਨਯੋਗ ਕੋਰਟ ਵਿੱਚ ਦਾਇਰ ਨਾ ਕਰਵਾਇਆ ਜਾਵੇ । ਭਾਵ ਇਸ ਦਫਤਰ ਦੇ ਐਲ.ਏ ਤੋਂ ਵੈਟ ਕਰਵਾਉਣਾ ਇਸ ਲਈ ਜਰੂਰੀ ਹੈ ਕਿ ਇਕੋ ਜਿਹਾ ਮੁੱਦਾ ਵੱਖ-ਵੱਖ ਜਿਲ੍ਹਿਆਂ ਦੇ ਕੇਸਾਂ ਵਿੱਚ ਸ਼ਾਮਿਲ ਹੁੰਦਾ ਹੈ, ਜਿਸ ਸਬੰਧੀ ਇਕਸਾਰਤਾ ਬਣਾਉਣੀ ਜਰੂਰੀ ਹੈ, ਨਹੀਂ ਤਾਂ ਮਾਨਯੋਗ ਕੋਰਟ ਵਿੱਚ ਵੱਖ-ਵੱਖ ਜਿਲ੍ਹਿਆਂ ਦਾ ਵੱਖਰਾ-ਵੱਖਰਾ ਜਵਾਬ ਹੁੰਦਾ ਹੈ, ਜਿਸ ਕਰਕੇ ਵਿਭਾਗ ਨੂੰ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਐਸਿ), ਪੰਜਾਬ